# ਭਗਤ ਨਾਮਦੇਵ ਜੀ ਦਾ ਜੀਵਨ ਅਤੇ ਸ਼ਬਦ ਵੀਚਾਰ

**ਜਮਾਤ–ਪੰਜਵੀ**

**ਪੰਜਾਬੀ ਸਕੂਲ**

**ਸਿੱਖ ਸੁਸਾਇਟੀ ਆਫ ਮਿਸ਼ੀਗਨ**

**ਗੁਰਨੂਰ ਕੌਰ**

# ਭਗਤ ਨਾਮਦੇਵ ਜੀ



- ਭਗਤ ਨਾਮਦੇਵ ਜੀ ਦਾ ਜਨਮ ੧੨੭੦ ਵਿਚ ਸਤਾਰਾ, ਮਹਾਰਾਸ਼ਟਰਾ ਵਿਚ ਹੋਇਆ।
- ਉਸ ਸਮੇ ਵਰਣ ਵੰਡ ਅਤੇ ਮੂਰਤੀ ਪੂਜਾ ਦਾ ਪ੍ਰਚਲਿਤ ਹੋਣਾ।
- ਬਚਪਨ ਤੋਂ ਹੀ ਧਾਰਮਕ ਰੁਚੀ ਦੇ ਹੋਣਾ।
- ਇਕ ਅਕਾਲ ਪੁਰਖ ਤੇ ਵਿਸ਼ਵਾਸ ਤੇ ਸਨਿਆਸਵਾਦ ਦਾ ਵਿਰੋਧ ਕਰਨਾ।
- ਮੁਹਮਦ ਤੁਗਲਕ ਦੇ ਜਬਰ ਅੱਗੇ ਝੁੱਕਣ ਤੋਂ ਇਨਕਾਰ।
- ਆਖਰੀ ਸਮਾਂ ਪੰਜਾਬ ਵਿਚ,੧੩੫੦ ਵਿਚ ਘੁਮਾਣ ਵਿਚ ਜੋਤੀ ਜੋਤ।
- ਗੁਰੂ ਗ੍ਰੰਥ ਸਾਹਿਬ ਵਿਚ ੬੧ ਸ਼ਬਦ ੧੮ ਰਾਗਾਂ ਵਿਚ ਦਰਜ।



ਗੁਰੂਦੁਆਰਾ ਘੁਮਾਣ ਸਾਹਿਬ

# ਸ਼ਬਦ

ਹਸਤ ਖੇਲਤ ਤੇਰੇ ਦੇਹੁਰੇ ਆਇਆ ॥

ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥

ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥

ਲੈ ਕਮਲੀ ਚਲਿਓ ਪਲਟਾਇ॥

ਦੇਹੁਰੈ ਪਾਛੈ ਬੈਠਾ ਜਾਇ ॥੨॥

ਜਿਉ ਜਿਉ ਨਾਮਾ ਹਰਿ ਗੁਣ ਉਚਰੈ॥

ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥



ਔਂਧਾ ਨਾਗਨਾਥ ਮੰਦਰ

# ਸ਼ਬਦ ਵੀਚਾਰ

ਜਦੋਂ ਭਗਤ ਨਾਮਦੇਵ ਜੀ ਔਂਧਾ ਨਾਗਨਾਥ ਮੰਦਰ ਵਿਚ ਪਹੁੰਚੇ ਤਾਂ ਇਹ ਸ਼ਬਦ ਉਚਾਰਿਆ ਜਿਸ ਦਾ ਭਾਵ ਹੈ ਮੈਂ ਤੇਰੇ ਮੰਦਰ ਖੁਸ਼ੀ-ਖੁਸ਼ੀ ਭਗਤੀ ਕਰਨ ਆਇਆ ਪਰ ਮੈਨੂੰ ਮੰਦਰ ਤੋਂ ਕੱਢ ਦਿੱਤਾ। ਭਗਤ ਜੀ ਪ੍ਰਭੂ ਨੂੰ ਪ੍ਰਸ਼ਨ ਪੁੱਛਣ ਲਗੇ, ਹੇ ਪ੍ਰਭੂ! ਮੈਂ ਛੀਬੇ ਦੇ ਘਰ ਕਿਉਂ ਜੰਮਿਆ, ਮੇਰੀ ਜਾਤਿ ਨੀਂਵੀ ਕਿਉਂ ਹੈ? ਉਸ ਸਮੇਂ ਨੀਂਵੀ ਜਾਤ ਵਾਲਿਆਂ ਨੂੰ ਮੰਦਰ ਜਾਣ ਅਤੇ ਭਗਤੀ ਕਰਨ ਦਾ ਅਧਿਕਾਰ ਨਹੀਂ ਸੀ। ਉਹ ਕੰਬਲੀ ਲੈ ਕੇ ਮੰਦਰ ਦੇ ਪਿੱਛੇ ਭਗਤੀ ਕਰਨ ਲਗ ਗਏ। ਭਗਤ ਜੀ ਜਿਉਂ ਜਿਉਂ ਪ੍ਰਭੂ ਦੇ ਗੁਣ ਗਾਉਂਦੇ ਹਨ, ਪ੍ਰਭੂ ਖੁਸ਼ ਹੋ ਕੇ ਮੰਦਰ ਦਾ ਮੂੰਹ ਉਸ ਵੱਲ ਘੁੰਮਾ ਦਿੰਦੇ ਹਨ।

# Key Message

ਭਗਤ ਜੀ ਨੇ ਮੂਰਤੀ ਪੂਜਾ, ਜਾਤ ਪਾਤ, ਕਰਮ ਕਾਂਡਾਂ ਅਤੇ ਸੰਨਿਆਸਵਾਦ ਦਾ ਵਿਰੋਧ ਕੀਤਾ।ਆਪ ਜੀ ਨੇ ਇਕ ਅਕਾਲ ਪੁਰਖ ਤੇ ਵਿਸ਼ਵਾਸ, ਨਾਮ ਸਿਮਰਨ ਤੇ ਧਿਆਨ ਜੋੜਨ ਲਈ ਪ੍ਰੇਰਿਆ।ਆਪ ਜੀ ਨੇ ਅਕਾਲ ਪੁਰਖ ਦੀ ਸਰਬ ਵਿਆਪਕਤਾ, ਪ੍ਰਭ ਦਾ ਬੇਅੰਤ ਹੋਣਾ ਅਤੇ ਗੁਰੁ ਦੇ ਸ਼ਬਦ ਦੀ ਮਹੱਤਤਾ ਦੱਸੀ।

ਲੋੜ ਹੈ ਅਸੀਂ ਵੀ ਉਨ੍ਹਾਂ ਦੇ ਦੱਸੇ ਰਾਹਾਂ ਤੇ ਚੱਲ ਕੇ ਕਰਮ ਕਾਂਡਾਂ ਤੇ ਪਾਖੰਡਾਂ ਤੋਂ ਦੂਰ ਰਹੀਏ ਅਤੇ ਨਾਮ ਸਿਮਰਨ ਅਤੇ ਕੀਰਤਨ ਨਾਲ ਜੁੜ ਕੇ ਇੱਕ ਅਕਾਲ ਪੁਰਖ ਤੇ ਅਡੋਲ ਵਿਸ਼ਵਾਸ ਰਖੀਏ ।

# Quotes related to Bhagat Naamdev’s Life

ਅਹੰਕਾਰੀਆ ਨਿੰਦਕਾ ਪਿਠਿ ਦੇਇ, ਨਾਮਦੇਉ ਮੁਖਿ ਲਾਇਆ॥(ਪੰਨਾ ੪੫੧)

He turned his back on the egotists and slanderers, and showed His Face to Naam Dayv.

ਹਰਿ ਜੁਗੁ ਜੁਗੁ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ॥ (ਪੰਨਾ ੪੫੧)

In each and every age, He creates His devotees and preserves their honor, O Lord King.

ਨਾਮਾ ਕਹੈ ਤ੍ਰਿਲੋਚਨਾ,ਮੁਖ ਤੇ ਰਾਮ ਸਮਾਲਿ॥

ਹਾਥ ਪਾਉ ਕਰਿ ਕਾਮੁ ਸਭੁ,ਚੀਤੁ ਨਿਰੰਜਨ ਨਾਲਿ॥ (ਪੰਨਾ ੧੩੭੫)

Namdev replies to Trilochan that mouth preserves the Lord’s name.Wheras hand and feet do all the worldly work but mind is always connected with Lord.

# ਧੰਨਵਾਦ

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ